ੴ ਸਤਿਗੁਰਪ੍ਰਸਾਦਿ॥

# ਸ਼ਬਦ ਹਜ਼ਾਰੇ ਪਾ:੧੦ ਅਰਥ ਪ੍ਰਬੋਧ




ਵਕਤਾ:
ਸੰਤ ਗਿਆਨੀ
ਗੁਰਬਚਨ ਸਿੰਘ ਜੀ
ਖਾਲਸਾ
ਭਿੰਡਰਾਂਵਾਲੇ

ਲੇਖਕ :
ਗਿਆਨੀ
ਪ੍ਰੀਤਮ ਸਿੰਘ ਜੀ
'ਲਿਖਾਰੀ
ਜਥਾ ਭਿੰਡਰਾਂ'


## ਲਿਖਾਰੀ

ਜਥਾ ਭਿੰਡਰਾਂ

Sri Satguru Jagjit Singh Ji eLibrary NamdhariElibrary@gmail.com

# Introduction

This PDF contains the handwritten notes of Giani Pritam Singh Ji while he was studying under the tutelage of Sant Giani Gurbachan Singh Ji Khalsa Bhindranwale. This PDF contains notes of arth (meaning of Gurbani) written during the katha of Shabad Hazare Patshahi 10. This was written by Giani Pritam Singh Ji in 1962, during the Katha of Sri Dasam Granth Sahib Ji by Sant Giani Gurbachan Singh Ji Bhindranwale in Pind Vadda Rajoana.  It is a wealth of spiritual knowledge, so please read it yourself and share with others. For more books, audio and video of Giani Pritam Singh Ji and Damdami Taksal visit our facebook page:



www.facebook.com/gianipritamsinghjilikhari

ਕਾਪੀ ਨੰ: 14-

ਦਾਸਨਿ ਦਾਸ

ਗਿਆਨੀ ਪ੍ਰੀਤਮ ਸਿੰਘ

ਲਿਖਾਰੀ ਜਥਾ ਭਿੰਡਰਾਂ

ਨੋਟ- ਇਸ ਕਾਪੀ ਵਿਚ - 1- ਜਾਪੁ ਸਾਹਿਬ (1-ਤੋਂ 44 ਤਕ), ਗਉੜੀ ਰਾਗ,
ਬੈਰਾੜੀ, ਤਿਲੰਗ ਭਗਤ ਬਾਣੀ, ਸਾਰੀ ਰਾਗਾਂ ਦੇ ਕੁਝ ਸ਼ਬਦ ੭੧੩ ਤੋਂ 128 ਤਕ
ਸੂਹੀ ਰਾਗ ਆਰੰਭ ਤੋਂ ੭੨੮ ਤਕ, ਅਨੰਦ
ਸਾਹਿਬ ਸੰਪੂਰਨ, ਸਵੱਯੇ ਦੀਨਨ ਕੀ ਪ੍ਰਤਿਪਾਲ ਕਰੈ,
ਸ਼ਬਦ ਹਜ਼ਾਰੇ ਪਾ: ੧੦॥

Sri Satguru Jagjit Singh Ji eLibrary NamdhariElibrary@gmail.com

੨

੧ਓ ਸਤਿ ਗੁਰ ਪ੍ਰਸਾਦਿ

ਇਹ ੧੦ ਸ਼ਬਦ ਚੰਡ ਪਉੜੀਆਂ ਤੇ ਕਥਾਂ ਦੇ ਵਿਚ ਤਾਂ ਕਾ ਵਾਲੀ ਗਰਗਾ ਛਕੂਦਿੰਦੇ ਹਨ ਪਰ ਸਤਿਗੁਰਾਂ ਨੇ ਇਹ ਸਾਚ ਖੀਰ ਵਿਚ ਨਹੀਂ ਛਡਿਆ ਮਨ ਸਤ ਕੀਤੀ ਪੂਰਨਾਂ॥

ਰਾਮਕਲੀ ਪਾਤਸ਼ਾਹੀ ੧੦॥ ਰਾਮਕਲੀ ਰਾਗ ਵਿਚ ਵਰਣਨ ਕਰਦੇ ਹਨ॥

ਉਥਾਨਕਾ ਜਿਸਤ੍ਰਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਨੇ ਵਿਲੀਂਡ ਪਤੀ ਬਾਣੀ ਦੇ ਸ਼ਬਦਾਂ ਨੂੰ ਸਹਿਜਾਂ ਨੂੰ ਗੁਰੂ ਜੀ ਨੂੰ ਸੰਗਤ ਨੂੰ ਉਪਦੇਸ਼ ਰੂਪ ਬਾਣੀ ਵਿਚ ਰੰਗ ਪੈਦਾ ਕਰਨ ਵਾਸੀਤੇ ਕੀਤਾਂ ਦਾ ਮੋਹ ਮੰਦਭੂਕਾਲੀ ਸ੍ਰੀ ਅਨੰਦਪੁਰ ਸਾਹਿਬ ਸੀ। ਇਸ ਤਰਾਂ ਇਹ ਬਾਣੀ ਮਨ ਪ੍ਰਤੀ ਤੇ ਸਿਖਾਂ ਪ੍ਰਤੀ ਵਿਰਾਗ ਮਈ ਉਪਦੇਸ਼ ਗੁਰੂ ਜੀ ਦਿੰਦੇ ਹਨ॥

੧ ਰੇ ਮਨ ਐਸੋ ਕਰਿ ਸੰਨਿਆਸਾ॥ ਵੇਦ ਵਿਚ ਚਾਰ ਆਸ਼੍ਰਮ ਮੰਨੇ ਹਨ॥੧ ਬ੍ਰਹਮਚਾਰੀ।੨ ਗ੍ਰਿਹਸਤ॥੩ ਬਾਨ ਪ੍ਰਸਤ॥੪ ਸੰਨਿਆਸ॥ ਸਉ ਸਾਲ ਦੀ ਉਮਰ ਨੂੰ ੪ ਹਿੱਸਿਆਂ ਵਿਚ ਵੰਡਿਆ ਸੀ॥੨੫ ਸਾਲ ਵਿਦਿਆ ਪੜ੍ਹਨੀ।੨੫ ਸਾਲ ਗ੍ਰਿਸਤ ਕਰਨਾ॥੨੫ ਸਾਲ ਬਾਨਪ੍ਰਸਤ॥੨੫ ਸਾਲ ਸੰਨਿਆਸ॥ ਸੰਨਿਆਸ ਦੋ ਪ੍ਰਕਾਰ ਦਾ ਸੰਨਿਆਸ ਹੈ ਹੰਸ ਅਤੇ ਪਰਮ ਹੰਸ। ਹੰਸ ਵੀ ਦੋ ਪ੍ਰਕਾਰ ਦਾ ਹੈ॥੧ ਕੁਟੀਚਕ।੨ ਬਹੂਦਕ॥ ਪਰਮ ਹੰਸ ਵੀ ਦੋ ਪ੍ਰਕਾਰ ਦਾ ਹੈ॥ ਬਿਬਿਦਿਖਾ। ਵਿਦਤਾ॥੧ ਬਿਬਦਿਖਾ ਪ੍ਰਮੇਸਰ ਦੇ ਪਾਉਣ ਲੀਏ ਸਰਬ ਕਾ ਤਿਆਗ॥ ਵਿਦਤ- ਪ੍ਰਮੇਸਰ ਨੂੰ ਪਾਕੇ ਹੀ ਸਰਬ ਕਾ ਤਿਆਗ ਰਖਣਾ॥ ਜੇ ਏਸ ਪ੍ਰਕਾਰ ੪ ਆਸ਼੍ਰਮਾਂ ਦੁਆਰਾ ਮੁਕਤੀ ਚਾਹੇ ਤਾਂ ਕਠਨ ਹੈ ਜੇ ਪਹਿਲੇ ਆਸ਼੍ਰਮ ਵਿਚ ਹੀ ਅੰਤ ਹੋ ਜਾਏ ਫੇਰ ਦੂਸਰਾ ਜਨਮ ਧਾਰਨਾ ਪੈਂਦਾ ਹੈ ਸਤਿਗੁਰੂ ਜੀ ਕ੍ਰਿਪਾ ਕਰਕੇ ਗ੍ਰਿ-ਸਤ ਵਿਚ ਰਹਕੇ ਸੰਨਿਆਸੀ ਬਣਨ ਦਾ ਤਰੀਕਾ ਦਸਦੇ ਹਨ॥ ਹੇ ਮਨ ਇਸ ਪ੍ਰਕਾਰ ਦਾ ਸੰਨਿਆਸ ਧਾਰਨਾ ਕਰ॥ ਬਨ ਸੇ ਸਦਨ ਸਭੈ ਕਰਿ ਸਮਝਹੁ ਬਨ ਜੈਸੇ ਘਰਾਂ ਨੂੰ ਸਮਝਦਾਂ ਕਰ। ਜੇਹੜਾ ਘਰ ਛਡਕੇ ਜੰਗਲਾਂ ਚ ਫਿਰਦਾ ਹੈ ਤੇ ਵਿਕਾਰ ਛੁਟੇ ਨਹੀਂ ਉਨਾਂ ਬਾਰੇ ਕਬੀਰ ਜੀ ਕਿਹਾ ਹੈ। ਕਬੀਰ- ਬਨਹਿ ਬਸੇ ਕਿਉ ਪਾਈਐ ਜਉ ਲਉ ਮਨਹੁ ਨ ਤਜਹਿ ਬਿਕਾਰ॥ [illegible]

ਰਾਗੁ

ਰੂਪ ਵਿਸਰ੍ਹੀ ਰਾਗ ਵ੍ਹੈ ਖ ਪ੍ਰਤਰ॥ ਮਨ ਹੀ ਮਾਹਿ ਉਦਾਸਾ ਮਨ ਵਿਚ ਹੀ ਉਦਾਸ ਰਹਿਆ ਕਰ ਕ੍ਰਿਤੀ ਜਾਣਕੇ ਪ੍ਰਤਰ ਪਾਸਾ ਨੂੰ ਪਾਲਣਾਂ ਕਰ॥ ਜਤ ਕੀ ਜਟਾ ੮ ਪ੍ਰਕਾਰ ਦੇ ਵਿਸ਼ੇ ਨੂੰ ਰੋਕਣਾ ਹੈ ਇਹ ਜਤ ਰੂਪੀ ਜਟਾਂ ਧਾਰਨ ਕਰੋ॥ ਜੋਗ ਕੋ ਮਜਨ ਜੋਗਾਸਨ ਵਿਚ ਬ੍ਰਿਤੀ ਠਹਿਰਾਉਣਾ ਕਰਨ ਰੂਪ ਜੋ ਜੋਗ ਹੈ ਵਾ ਆਤਮਨੀ ਪ੍ਰਮਾਤਮਨੀ ਸਾਜੁਗਤ॥ ਇਹੀ ਇਸਨਾਨ ਕਰੋ॥ ਨੇਮਕੇ ਨਖਨ ਬਢਾਓ - ਜਮ ਨੇਮ ੧੦ ਪ੍ਰਕਾਰ ਦਾ ਜਮ ੧੦ ਪ੍ਰਕਾਰ ਦਾ ਨੇਮ ਤੇ ਇਹ ਵੀਹ ਨੌਹਾਂ ਨੂੰ ਬਧੇਰਾ ਕਰੋ ਵਾ ਜੋ ਨਿਤ ਨੇਮੀ ਹੋਣਾ ਹੈ ਇਹ ਨੌਂਹ ਵਧੇਰਾ ਕਰੋ॥ ਗਿਆਨ ਗੁਰੂ ਗਿਆਨ ਨੂੰ ਹੀ ਗੁਰੂ ਸਮਝਣਾ ਕਰੋ॥ ਆਤਮ ਉਪਦੇਸਹੁ ਮਨ ਨੂੰ ਹੀ ਉਪਦੇਸ਼ ਦੇਣਾ ਕਰੋ॥ ਨਾਮ ਬਿਭੂਤ ਲਗਾਓ ਨਾਮ ਦੀ ਬਿਭੂਤੀ ਸਰੂਪ ਦੇ ਰੂਪ ਲੈਣਾ ਕਰੋ॥ ਅਲਪ ਅਹਾਰ ਥੋੜਾ ਭੋਜਨ ਛਕੋ॥ ਸੁਲਪ ਸੀ ਨਿੰਦ੍ਰਾ ਥੋੜੀ ਪ੍ਰਕਾਰ ਥੋੜਾ ਹੀ ਸੌਂਵੋ॥ ਦਇਆ ਛਿਮਾ ਤਨ ਪ੍ਰੀਤਿ ਦਇਆ ਛਿਮਾ ਸਾਥ ਪ੍ਰੀਤ ਹੋਵੇ॥ ਦਇਆ - ਧਾ: ੬ - ਧਾ: ੧੦ ਵੀ ਨੇ ਧਰਮ ਦੀ ਰਖਿਆ ਕੀਤਾ ਹੈ॥ (ਛਿਮਾਂ) ਕੀਤੇ ਗੁਨਾਹਾਂ ਨੂੰ ਮੁਆਫ ਕਰਨਾਂ (ਤਨ) ਏਨਾਂ ਸਾਥ ਵਾ ਸ਼ਰੀਰ ਕਰਕੇ ਪ੍ਰੀਤ ਕਰੋ ਏਨਾਂ ਨਾਲ॥ ਸੀਲ ਸੰਤੋਖ ਸਦਾ - ਸੀਲ ਸੰਤੋਖ ਗੁਣਾਂ ਨੂੰ ਸਦਾ ਨਿਬਾਹੁਣਾ ਕਰੋ ਜੈਸਾ ਕਾਰਤੁਕਾ ਸੰਤ੍ਰ ਕਰੋ ਸਟ॥ ਹ੍ਵੈਬੋ ਤ੍ਰਿਗੁਣ ਅਤੀਤ ਤ੍ਰਿਨਾਂ ਗੁਣਾਂ ਤੋਂ ਅਤੀਤ ਹੋਣਾ ਕਰੋ। ਪਿਛਲੇ ਇਸ ਪ੍ਰਕਾਰ ਤਰੀਕਾ ਕਰਦੇ ਸਨ ਰਜੋ ਸਤੋ ਦਾ ਆਸਰਾ ਲੈਕੇ ਤਮੋ ਦਾ ਤਿਆਗ ਕਰਨਾਂ ਫੇਰ ਸਤੋ ਦਾ ਆਸਰਾ ਲੈਕੇ ਰਜੋ ਦਾ ਤਿਆਗ ਕਰਨਾ ਫੇਰ ਸ਼ੁਧ ਦੀ ਪ੍ਰਾਪਤੀ ਕਰਕੇ ਸਤੋ ਦਾ ਤਿਆਗ ਕਰਦੇਣਾ ਜਿਸ ਪ੍ਰਕਾਰ ਬ੍ਰਾਹਮਣ ਨੂੰ ਤਿਨ ਚੋਰ ਫੜਕੇ ਲੈ ਗਏ ਸਨ ਉਹ ਤੀਜੇ ਨਾਲ ਛੁਟ ਗਿਆ ਸੀ ਪਰ ਗੁਰਮਤ ਅਨੁਸਾਰ ਇਨਾਂ ਨੂੰ ਨੌਕਰ ਕਾਬੂ ਕੇ ਹੋਏ ਹਨ [illegible] ਗੁਰਦੇ-

Sri Satguru Jagjit Singh Ji eLibrary NamdhariElibrary@gmail.com

ਆਰੇ ਆਦਿ ਦੀ ਸੇਵਾ ਵਾਸਤੇ ਰਜੋ ਅਹੰਕਾਰ ਤੋਂ ਵੰਸਗੀਆਂ ਕਰੇ। ਪਰਮੇਸਰ ਦੀ ਪ੍ਰਾਪ-
ਤੀ ਵਾਸਤੇ ਸਤੋ ਵਜ਼ੀਰ ਦੀ ਨਿਆਣੀ ਸਲਾਹ ਪੁਛਣੀ ਇਸ ਪ੍ਰਕਾਰ ਅਤੀਤ ਹੋਇਆ ਕਰੇ॥
ਕਾਮ ਕਾਮ ਜਿਸ ਕਰਕੇ ਰਿਖੀਆਂ ਦੀ ਕੀ ਜ਼ਲਤ ਹੋਈ। ਨਾਰਦ ਦੀ, ਇੰਦ੍ਰ ਨੇ ਸ੍ਰਾਪ ਲਿਆ॥
ਕ੍ਰੋਧ ਕਰੋਧ ਕਰਕੇ ਦੁਰਬਾਸਾ ਦੀ ਨਿਰਾਦਰੀ ਹੋਈ। ਹੰਕਾਰ ਜਾਂਗਲੀ ਬਿਧੀ ਦੇ ਸਿਰ
ਦ ਪੰਛੀਆਂ ਆਲਣੇ ਪਾਂਦੇ ਹੰਕਾਰ ਹੋਣ ਤੇ ਉਡ ਗਏ॥ ਵਾ ਬਗਦਾਦ ਭੁਲਿਪੀ ਤੇ
~~[illegible]~~ ਬਗਲਾਂ ਹੰਕਾਰ ਕਰਕੇ ਉਡੇ॥ ਲੋਭ ਲੋਭ ਕਰਕੇ ਵਿਸਾਹ ਮਿਤ੍ਰ ਸੁਰਥ ਇਕੋ ਬਾਗ
ਪੁਟਣਾ ਪਿਆ॥ ਹਠ ਧਰਮ ਤੋਂ ਉਲਟਾ ਹਠ॥ ਮੋਹ ਨ ਮੋਹ ਕਰਕੇ ਵਸਿਸਟ ਦੇ
ਸੌ ਪੁਤ ਮਾਰਨ ਤੇ ਖਿਆਸਾ ਤੇ ਸਤਲੁਜ ਚ ਡੁਬਣ ਲਗਾ ਸੀ। ਇਨਾਂ ਸੱਤਾਂ
ਨੂੰ ਮਨ ਵਿਚ ਨਾ ਆਉਣ ਦੇਵੇ॥ ਤਬਹੀ ਆਤਮ ਤਤ ਕਉ ਲਖੈ ਆਪ ਆਪਣਾ
ਆਪ ਰੂਪ॥ ਪਰਮ ਪੁਰਖ ਕਹ ਪਾਵੈ- ਪਰਮੇਸਰ ਨੂੰ ਪਾ ਲਵੇਂਗਾ॥

## ੴ ਰਾਮਕਲੀ ਪਾਤਸ਼ਾਹੀ ੧੦॥

ਗੁਰਾਂ ਵੇਲੇ ਜੋਗ ਦਾ ਬਹੁਤ ਜ਼ੋਰ ਸੀ॥ ਜੋਗ ਤਾਂ ਸਤਿਜੁਗ ਤੋਂ ਹੀ ਸੀ, ਸਿਧ, ਗੋ-
ਰਖ, ਦਤਾਤ੍ਰੇ ਆਦਿਕ ਜੋਗ ਮਤ ਦੇ ਪਰਚਾਰਕ, ਪਰ ਗੁਰੂ ਜੀ ਦਸਦੇ ਹਨ ਕਿ ਹੇ
ਗੁਰਸਿਖੋ ਐਸਾ ਜੋਗ ਕਮਾਉ ਮਨ ਨੂੰ ਰੋਕਕੇ॥ ਰੇ ਮਨ ਇਹ ਬਿਧਿ ਜੋਗ ਕਮਾਉ -
ਹੇ ਮਨ ਇਸ ਬਿਧੀ ਨਾਲ ਜੋਗ ਕਮਾਇਆ ਕਰੋ ਜੋ (ਜੋਗ) ਦੇ ਸ਼ਬਦ - ਪਰਮਾਤਮ ਨੀ
ਪਰਮਾਤਮ ਨੀ ਜੁੜਤੀ ਦਾ ਜੋਗ, ਵਾ ਜੋਗਸ਼ਚਿਤ ਬ੍ਰਿਤੀ ਨਿਰੋਧ॥ ਸਿੰਙੀ ਸਾਚ
ਸਚ ਧਾਰਨ ਰੂਪ ਸਿੰਙੀ ਹੈ॥ ਅਕਪਟ ਕੰਠਲਾ ਕਪਟ ਤੋਂ ਰਹਿਤ ਵਾ ਛਲ ਤੋਂ ਰਹਿਤ ਹੋਣਾ
(ਕੰਠਲਾ - ਰੁਦ੍ਰਾਖੀ ਮਾਲਾ ਹੈ॥ ਧਿਆਨ ਬਿਭੂਤ ਚੜਾਉ ਜੋ ਅੰਦਰ ਬਾਹਰ ਬਿਆਪਕ
(ਚੜਾਉ)
ਜਾਣਕੇ ਧਿਆਨ ਕਰਨਾ ਹੈ ਇਹ ਬਿਭੂਤੀ ਲੈਣਾ ਕਰੋ ਵਾ ਜੋ ਪਰਮੇਸਰ ਨੀ ਹੈ ਸਦਾ

ਧਿਆਉਣਾ ਹੈ ਇਹ ਹੀ ਬਿਭੂਤੀ ਹੈ॥ ਤਾਤੀ ਗਹੁ ਆਤਮ ਬਸਿ ਕਰਕੀ ਮਨ ਨੂੰ ਵਸ
ਕਰਨ ਰੂਪ ਤੁਮੂਤੜੀ ਵਜਾਉ॥ ਭਿਛਾ ਨਾਮ ਅਧਾਰੰ ਨਾਮ ਦਾ ਅਧਾਰ ਰੂਪ ਭਿਛਿ-
ਆ ਲੈਇਆ ਕਰੋ॥ ਬਾਜੇ ਪਰਮ ਤਾਰ ਤਤੁ ਹਰਿ ਕੋ :- ਵਡੀ ਤਾਰ ਦਾ ਜੋ ਵਜਾਣਾ ਹੈ
ਜੋ ਤਤ ਰੂਪ ਹਰੀ ਦੇ ਧਿਆਨ ਨੂੰ ਜਾਣ ਲੈਣਾ ਹੈ॥ ਉਪਜੈ ਰਾਗ ਰਸਾਰੰ ਜੋ ਰਸਾਂ ਦੇ
ਘਰ ਪਰਮੇਸਰ ਦਾ ਪ੍ਰੇਮ ਪੈਦਾ ਹੋਣਾ ਹੈ ਏਹੀ ਰਾਗ ਦਾ ਪੈਦਾ ਹੋਣਾ ਹੈ। ਵਾ ਸ੍ਰਿ-
ਸ਼ਟ ਰਸ ਪੈਦਾ ਹੋਣੀ ਹੀ ਰਾਗ ਦਾ ਪੈਦਾ ਹੋਣਾ ਹੈ॥ ਉਘਟੈ ਤਾਨ ਤਰੰਗ ਰੰਗ ਅਤਿ
ਜੋ ਪ੍ਰੇਮ ਅਤਿਅੰਤ ਪੈਦਾ ਹੋਇਆ ਵੇਹੋ ਤਾਨਾਂ ਦਾ ਪੈਦਾ ਹੋਣਾ ਹੈ॥ ਗਿਆਨ
ਗੀਤ ਬੰਧਾਨੰ ਗਿਆਨ ਵਿਚ ਬ੍ਰਿਤੀ ਦਾ ਬਝ ਜਾਣਾ ਹੀ ਗੀਤ ਦਾ ਨਿਯਮ ਹੈ॥ ਚਕਿ
ਚਕਿ ਰਹੇ ਦੇਵ ਦਾਨਵ ਮੁਨਿ ਚਕ੍ਰਿਤ ਹੋ ਗਏ ਦੇਵ ਦਾਨਵ ਆਦਿ ਇਸ ਰਸ ਮੇਂ ਲਗ
ਰਹੇ ਸਨ ਉਹ ਇਸ ਰਸ ਨੂੰ ਪਾਕੇ ਹੈਰਾਨ ਹੋ ਰਹੇ ਹਨ॥ ਛਕਿ ਛਕੇ ਵਾ ਵਾ ਕੇ
ਦੇਖਦੇ ਚਕ੍ਰਿਤ ਹੋ ਰਹੇ ਹੈਂ ਰਾਗ ਸੁਣਕੇ ਤੇ ਜੈਤ ਵੀ ਸ੍ਰਾਖਾਂ ਧੀ ਧੀਕੇ ਵੀ ਚਕ੍ਰਿਤ
ਹੋ ਰਹੇ ਹੈਂ ਛਕੇ ਦਾ ਅਰਥ ਹੈ। ਛਕਿ ਛਕਿ ਬਿਓਮ ਬਿਵਾਨੰ- ਆਕਾਸ ਵਿਚ ਬਿਮਾਨਾਂ ਤੇ
ਬਿਚਰਨ ਵਾਲੇ ਦੇਵਤੇ ਰਸ ਰਸ ਕੇ ਵਾ ਪ੍ਰਸੰਨ ਹੋ ਰਹੇ ਹਨ॥ ਆਤਮ ਉਪਦੇਸ
ਗਿਆਨ ਕਾਹਦਾ ਹੈ ਤਾਂ ਕਿਸ ਤਰਾਂ ਜੋ ਆਤਮ ਉਪਦੇਸ ਦੇਵੇ॥ ਭੇਖੁ ਸੰਜਮ ਕੋ ਸ੍ਰੀ-
(ਕਿਸ ਨਾਨਕ ਕੁਰਣੇ॥)
ਰ ਤੇ ਲਿਬਾਸ ਸਾਦਾ ਸੰਜਮ ਦਾ ਰਖੇ॥ ਜਾਪ ਸੁ ਅਜਪਾ ਜਾਪੈ ਜਾਪ, ਅਜਪਾ ਜਾਪ।
ਕਰਕੇ ਨਾਲ ਸ੍ਵਾਸਾਂ ਦੀ ਹਰਕਤ ਤੋਂ ਬਗੈਰ ਕਰੇ॥ ਸਦਾ ਰਹੈ ਕੰਚਨ ਸੀ ਕਾਂਸਾ:-
(ਸਰੂਪ)
ਸਦਾ ਹੀ ਇਹ (ਕਾਇਆ) ਸਰੂਪ ਉਜਲ ਸੋਨੇ ਵਰਗੀ ਰਹੇ ਗੀ॥ ਕਾਲ ਨ ਕਬਹੂੰ
ਬਯਾਪੈ ਸਰੀਰ ਨੂੰ ਕਾਲ ਨਹੀ ਬਿਆਪ ਸਕੇ ਗਾ॥

Sri Satguru Jagjit Singh Ji eLibrary NamdhariElibrary@gmail.com

ਰਾਮਕਲੀ ਪਾ:੧੦॥ ਪ੍ਰਾਨੀ ਪਰਮ ਪੁਰਖ ਪਗਿ ਲਾਗੋ :- (ਪਰਮ) ਜੋ ਵਡਾ ਹੈ (ਪੁਰਖ) ਪੂਰਨ ਹੈ। ਉਸਦੇ ਚਰਨੀ ਲਗੋ। ਕਿਤੁ ਚਰਨ ਨਾਮ। ਕਿਨ੍ਹੇ ਚਰਨ ਸਬਦ ਸਤਿਗੁਰ ਕੇ॥ ਅਧਿਸਟਾਨ ਰੂਪ ਚਰਨ॥ ਸੋਵਤ ਕਹਾ ਮੋਹ ਨਿੰਦ੍ਰਾ ਮੈ :- ਹੇ ਜੀਵ ਮੋਹ ਰੂਪ ਨੀਂਦ ਵਿਚ ਕਿਉਂ ਸੁਤੇ ਹੋ॥ ਕਬਹੂੰ ਸੁਚਿਤ ਹ੍ਵੈ ਜਾਗੋ :- ਕਦੇ ਤਾਂ ਸਾਵਧਾਨ ਹੋਇ ਰੂਪ ਜਾਗਣਾ ਕਰੋ ਮੋਹ ਤੋਂ ਨਿਰਮੋਹ ਹੋਇ ਰੂਪ॥ ਔਰਨ ਕਉ ਉਪਦੇਸਤ ਹੈ ਪਸੁ :- ਹੇ ਪਸੂ ਸੁਭਾ ਵਾਲੇ ਬੰਦੇ ਜਾਂ ਢੋਰ ਵਾਂਗ। ਹੋਰਨਾਂ ਨੂੰ ਉਪਦੇਸ ਦਿੰਦਾ ਹੈਂ ਤੈਨੂੰ ਨੀ (ਪ੍ਰਬੋਧ) ਸਮਝ ਨਹੀਂ ਵਾ ਗਿਆਨ ਨਹੀਂ ਪ੍ਰਾਪਤ ਹੋਇਆ ਹੈ॥ ਸਿੰਚਿਤ ਕਹਾਂ ਪਰੇ ਬਿਖਿਅਨ ਕਉ :- ਕੀ ਬਿਖਿਆਂ ਨੂੰ ਇਕੱਠਾ ਰੂਪ ਇਕੱਠੇ ਕਰਨੀਆਂ ਦਾ ਹੈਂ॥ ਵਾ ਬਿਖਿਆਂ ਰੂਪ ਖੇਤੀ ਨੂੰ ਸਿੰਚਣਾ ਰੂਪ ਧਰਤੀ ਵਿਚ ਬੀਜ ਬੀਜਦਾ ਹੈਂ (ਸਿੰਚਤ) ਸੰਚਣਾ ਰੂਪ ਪਾਣੀ ਪਾਕੇ ਕਿਉਂ ਸਿੰਜ ਰਿਹਾ ਹੈਂ॥ ਕਬਹੂੰ ਬਿਖੈ ਰਸਿ ਤਿਆਗੋ :- ਕਦੇ ਤਾਂ ਬਿਖਿਆਂ ਦੇ ਰਸ ਨੂੰ ਤਿਆਗਣਾ ਕਰ॥ ਕੇਵਲ ਕਰਮ ਭਰਮ ਸੇ ਚੀਨਹੁ :- ਕੇਵਲ ਕਰਮ ਜੋ ਆਨ ਕਰਮਾਂ ਬ੍ਰਤ ਰਖਣੇ ਵਾ ਨਿਤ ਨਮਿਤਾਦਿ ਭਰਮ ਰੂਪ ਹੀ ਸਮਝਣਾ ਕਰ॥ ਧਰਮ ਕਰਮ ਅਨੁਰਾਗੋ :- ਧਰਮ ਦੇ ਕਰਮਾਂ ਵਿਚ ਪਰਉਪਕਾਰ ਨੇਕੀਆਂ ਭਲਾਈਆਂ ਆਦਿ ਵਿਚ ਲਗਣਾ ਕਰੋ॥ ਸੰਗ੍ਰਹ ਕਰੋ ਸਦਾ ਸਿਮਰਨ ਕੋ :- ਸਦਾ ਪ੍ਰਮੇਸਰ ਦਾ ਨਾਮ ਸਿਮਰਨ ਰੂਪ ਇਕੱਠਾ ਕਰਨਾ ਕਰੋ॥ ਪਰਮ ਪਾਪ ਤਜਿ ਭਾਗੋ :- ਵਡੇ ਪਾਪਾਂ ਨੂੰ ਤਿਆਗ ਕੇ ਭਜਣਾਂ ਉਨਾਂ ਤੋਂ ਦੂਰ ਹੋ ਜਾਣਾ ਕਰੋ। ਵਡੇ ਪਾਪ ਜੋ ਪ੍ਰਮੇਸਰ ਨੂੰ ਪਰਾ ਕਰ ਜਾਣਨਾ॥ ਵਾ ਚਾਰ ਕਿਲਵਿਖ। ਬ੍ਰਹਮ ਦੂ ਖੋਲੀ ਆਤਮਘਾਤੀ॥ ਜਾਤੇ ਦੂਖ ਪਾਪ ਨਹਿ ਭੇਟੈ :- ਜਿਸ ਕਰਕੇ ਦੁਖ- ਜਨਮ ਮਰਨ ਦੇ ਤੇ ਪਾਪਾਂ ਤੋਂ ਨ ਲਗ ਸਕਣ, ਅਤੇ ਕਾਲ ਤੋਂ ਵੀ ਛੁਟ ਜਾਓਗੇ ਵਾ - ਕਾਲ ਦੇ ਜਾਲ ਤੋਂ ਵੀ ਛੁਟ ਜਾਓਗੇ ਵਾ ਤਾਣੋ ਤਰ-

ਜਾਉਗੇ॥ ਜੋ ਸੁਖ ਚਾਹੋ ਸਦਾ ਸਭਨ ਕੌ ਤੌ ਹਰਿ ਕੇ ਰਸਿ ਪਾਗੋ :- ਜੇ ਦੁਖਾਂ ਪਾਪਾਂ ਤੋਂ ਅਤੇ ਕਾਲ ਤੋਂ ਛੁਟਣਾ ਚਾਹੁੰਦੇ ਹੋ ਅਤੇ ਸਾਰੇ ਸੁਖਾਂ ਦੇ ਤਾਂਈ ਚਾਹੁੰਦੇ ਹੋ ਤਾਂ ਹਰੀ ਪ੍ਰਮੇਸਰ ਦੇ ਪ੍ਰੇਮ ਵਿਚ ਰਚ ਜਾਓ॥

ਰਾਗੁ ਸੋਰਠਿ ਪਾਤਸ਼ਾਹੀ ੧੦॥ ਪ੍ਰਭ ਜੂ :- ਤਤਾਂ ਤੋਂ ਪਰਾ ਰੂਪ ਵਾ ਸਰਬ ਦੇ ਮਾਲਕ ਜੀ॥ ਬਿਹਾਰ ਚ ਤੋਕਉ ਜੁ ਕਹਿੰਦੇ ਹੋ ਲਾਜ ਹਮਾਰੀ ਬਿਖਿਆਂ ਤੋਂ ਰਖਿਆ ਪਤਿ ਪਾਲਣਾ ਰੂਪ ਲਾਜ ਸਾਡੀ ਆਪ ਨੂੰ ਹੀ ਹੈ॥ ਨੀਲਕੰਠ ਸ਼ਿਵ ਦਾ ਨਾਮ ਹੈ ਵਾ ਸ਼ਿਵ ਕਲਿਆਣ ਰੂਪ ਵਾ ਅਗਿਆਨ ਤੋਂ ਕਿਨਾਰੇ ਰਹਿਣ ਵਾਲੇ ਵਾ ਕਲੰਕ ਰਹਿਤ ਵਾ ਮਾਇਆ ਤੋਂ ਰਹਿਤ ਵਾ ਕਾਲਖ ਜੋ ਨੀਲਾ ਹੈ ਕਾਲੇ ਕਰਨ ਵਾਲਾ ਹੈ ਉਸ ਤੋਂ ਕਿਨਾਰੇ ਰਹਿਣ ਵਾਲੇ ਹੋ॥ ਨਰਹਰਿ ਸਾਰਿਆਂ ਦਾ ਨਿਯੰਤਾ ਹੈ ਵਾ ਨਰਾਂ ਨੂੰ ਹਰੇ ਭਰੇ ਕਰਨ ਵਾਲੇ ਨਰਸਿੰਘ ਰੂਪ ਧਾਰਨ ਵਾਲੇ ਹੋ॥ ਨਾਰਾਇਣ ਨ - ਨਹੀਂ ਹੈ ਅਵਿਦਿਆ ਰੂਪ ਰਾਤ ਜਿਸ ਵਿਚ॥ ਨੀਲ ਬਸਨ ਬਨਵਾਰੀ :- ਨੀਲਾ ਬਾਣਾ ਕਲਕੀ ਦਾ ਹੋਵੇਗਾ॥ ਗੁਰੂ ਨਾਨਕ ਦੇਵ ਜੀ ਮੱਕੇ ਗਏ ਤੇ ਕਾਲਾ ਬਾਣਾ ਪਹਿਰਿਆ ਸੀ॥ ਤੇ ਪਾ:੧੦ ਮਾਛੀਵਾੜੇ ਪਹਿਰਿਆ ਸੀ॥ ਕਲਜੁਗ ਹੋਸੀ ਕਾਲਾ ਬਾਣਾ ਨਾਮ ਖਾਲਸਾ ਸਰਬ ਸਮਾਣਾ॥ ਪਰਮ ਪੁਰਖ ਪਰਮੇਸਰ ਸੁਆਮੀ ਵਡਾ ਪੂਰਨ ਹੈ ਵਾ ਪਰਮ ਐਸ਼ਵਰਜ ਬਿਭੂਤੀ ਵਾਲਾ ਸੁਆਮੀ ਹੈ॥ ਪਾਵਨ ਪਵਿਤ੍ਰ ਰੂਪ॥ ਪਉਨ ਅਹਾਰੀ ਨਿਰਾਹਾਰੀ ਹੈ। ਪੌਣ ਆਦਿ ਤਤਾਂ ਦਾ ਭੀ ਅਹਾਰ ਕਰਨ ਵਾਲਾ ਹੈ॥ ਮਾਧਵ ਮਾਇਆ ਦਾ ਪਤੀ॥ ਮਹਾਂ ਜੋਤਿ ਆਪ ਜੀ ਵਡੀ ਜੋਤੀ ਰੂਪ ਹੋ ਸਭ ਜੋਤੀਆਂ ਦੇ ਪ੍ਰਕਾਸ਼ਕ ਹੋ॥ ਮਧੁ ਮਰਦਨ ਮਾਨ ਮਧੂ ਕੈਟਭ ਦੇ ਮਾਨ ਨੂੰ ਮਲ ਦੇਣ ਵਾਲੇ ਹੋ ਵਾ ਮਧ-ਹੰਕਾਰ ਨੂੰ ਤੇ ਮਾਨ ਨੂੰ ਸਿਖਾਂ ਦੇ ਹਿਰਦਿਆਂ ਚੋ ਨਾਸ ਕਰਕੇ ਮਾਨ ਦੇਣ ਵਾਲੇ ਹੋ॥ [illegible] ਮਹਾਂ [illegible] ਦੇ ਆਦੀ॥ ਨਿਰ-

Sri Satguru Jagjit Singh Ji eLibrary NamdhariElibrary@gmail.com

ਬਿਕਾਰ- ਵਿਕਾਰਾਂ ਤੋਂ ਰਹਿਤ ਹੈ ਜਿਸਤ੍ਰਾਂ ਸਰੀਰ ਚ ਵਿਕਾਰ ਹੈ ਇਸਤ੍ਰਾਂ ਉਸ ਚ ਨਹੀ॥ ਨਿਰ-ਜੁਰ ਆਧੀ ਬਿਆਧੀ ਆਦਿਕ ਤਿੰਨਾਂ ਤਾਪਾਂ ਤੋਂ ਰਹਿਤ ਹੈ॥ ਨਿਦ੍ਰਾ ਬਿਨੁ ਪ੍ਰਤੱਖ ਨੀਂਦ ਤੋਂ ਰਹਿਤ ਹੈ ਵਾ ਅਵਿਦਿਆ ਰੂਪ ਨੀਂਦ ਰਹਿਤ ਹੈ॥ ਨਿਰਬਿਖ ਨਰਕ ਨਿਵਾਰੀ ਵਿ-ਸ਼ਿਆਂ ਰਹਿਤ ਹੈ ਨਰਕ ਆਦਿਕ ਦੇ ਦੁਖਾਂ ਨੂੰ ਨਾਸ ਕਰਨ ਵਾਲੇ ਹੋ॥ ਕ੍ਰਿਪਾ ਸਿੰਧ- ਕਿਰਪਾ ਦੇ ਸਮੁੰਦ੍ਰ ਹੋ॥ ਕਾਲ ਤ੍ਰੈ ਦਰਸੀ ਤਿੰਨਾਂ ਕਾਲਾਂ ਚ ਦੇਖਣ ਵਾਲੇ ਤ੍ਰਿਕਾਲ ਅੰਤ੍ਰਜਾਮੀ॥ ਕੁਕ੍ਰਿਤ ਪ੍ਰਣਾਸਨਕਾਰੀ ਖੋਟੀ ਕ੍ਰਿਤ ਪਾਪਾਂ ਦੀ ਦੁਰਮਤ ਦੀ ਵਿਸ਼ੇਸ਼ ਕਰਕੇ ਨਾਸ ਕਰਨ ਵਾਲੇ ਹੋ॥ ਜਿਸਤ੍ਰਾਂ ਹਰਨਾਖਸ਼ ਨੂੰ ਰਾਵਣ ਨੂੰ ਔਰੰਗਜ਼ੇਬ ਨੂੰ ਨਾਸ (ਕਰੀ) ਕਰਨ ਵਾਲਾ ਹੈ॥ (ਧਨੁਰ ਪਾਨਿ ਧਨ-ਆਰ) ਧਨੁਖ ਅਰ ਤੀਰ ਹਥਾਂ ਵਿਚ ਧਾਰਨ ਵਾਲੇ ਵਾ ਆਤੁਰ ਰੂਪ ਪਨਾਹ ਪਕੜ ਕੇ

ਧ੍ਰਿਤਮਾਨ ਧੀਰਜ ਵਾਲੇ॥ ਧਰਾਧਰ ਧਰਤੀ ਨੂੰ ਆਪਣੇ ਆਸਰੇ ਧਾਰਨ ਵਾਲੇ ਵਾ-ਪਹਾੜ ਵਾਂਗ ਅਚਲ ਧੀਰਜ ਵਾਲਾ ਹੈ॥ ਅਨਿਬਿਕਾਰ ਕਾਮ ਕ੍ਰੋਧ ਤੋਂ ਰਹਿਤ ਹੋ॥ ਅਸਿਪਾਣੀ ਕ੍ਰਿਪਾਨ ਪਾਣੀ ਹੈ ਵਾ ਸਰੂਪ ਸ੍ਰੂਪ ਹੋ॥ ਹੌ ਮਤਿ ਹੀਣ ਚਰਨ ਸਰਨਾਗਤਿ ਕਰਿ ਗਹਿ ਲੇਹੁ ਉਬਾਰੀ:- ਬੇਨਤੀ ਕਰਨ ਦਾ ਤਰੀਕਾ ਦਸਦੇ ਹਨ ਮੈਂ ਮੰਦੀ ਮਤ ਵਾਲਾ ਆਪ ਦੀ ਸ਼ਰਨ ਪ੍ਰਾਪਤ ਹੋਇਆ ਹਾਂ ਮਨ ਰੂਪੀ ਹਥ ਨੂੰ ਪਕੜ ਕੇ (ਸਰਧਾ ਰੂਪ ਹਥ ਰਖਕੇ) ਸੰਸਾਰ ਤੋਂ ਬਚਾ ਲਓ॥

ਰਾਗ ਕਲਿਆਣ ਪਾ:੧੦॥ ਬਿਨ ਕਰਤਾਰ ਬਿਨਾਂ ਕਰਤਾਰ, ਕਰ ਤਾਰ ਕੋਈ ਰੂਪ ਤਾਰ ਪ੍ਰਾਰਬਧ ਰੂਪ ਤਾਰ ਚੇਤਨ ਸਤਾ ਰੂਪ ਤਾਰ ਧਾਗਾ ਰੂਪ ਤਾਰ ਜਿਸ ਪ੍ਰਮੇ-ਸਰ ਦੇ ਹਥ ਵਿਚ ਹੈ ਉਸ ਤੋਂ ਬਿਨਾਂ॥ ਨ ਕ੍ਰਿਤਮ ਆਨੋ ਕ੍ਰਿਤਮ ਕੀਤੀਆਂ ਹੋਈਆਂ ਚੀਜ਼ਾਂ ਨੂੰ ਨਹੀ ਮੰਨਦੇ ਗੁਰੂ ਜੀ ਕਹਿੰਦੇ ਹਨ॥ ਵਾ ਬ੍ਰਿਸ਼ਮਤੀ, ਵਿਸ਼ਿਆ, ਜਾਤੀ,

॥ ੴ ਆਪਹਿ ਭ੍ਰਮ ਕਟਾਏ ॥

ਜਾਣ ਆਦਿਕ ਕੀਤੀਆਂ ਹਨ॥ ਆਦਿ ਸਭ ਦਾ ਮੁਢ ਰੂਪ ਹੈ ਅਜੋਨਿ ਅਜਨਮਾਂ ਹੈ॥ ਅਜਰ ਅਬਿਨਾਸੀ ਬਿਰਧ ਤੋਂ ਰਹਿਤ ਹੈ ਨਾਸ ਰਹਿਤ ਹੈ ਤਿਹ ਪਰਮੇਸਰ ਜਾਨੋ॥ ਤਿਸ ਪ੍ਰਮੇਸਰ ਨੂੰ ਪਥਰ ਰੂਪ ਜਾਣਦੇ ਹੋ॥ ਵਾ ਐਹੋ ਜਿਹੇ ਪ੍ਰਮੇਸਰ ਨੂੰ ਜਾਣੋ॥ ਕਹਾ ਭਯੋ ਜੋ ਆਨਿ ਜਗਤ ਮੈਂ ਦਸਕ ਅਸੁਰ ਹਰਿ ਘਾਏ॥ ਵਿਸ਼ਨੂੰ ਅੰਸ਼ਾਵਤਾਰ ਆਕੇ ਕੀ ਹੋ ਗਿਆ ਕ੍ਰਿਸ਼ਨ ਕੀ ਬਣ ਗਿਆ. ਜੇ ੧੦ ਕੁ ਅਸੁਰ - ਦੈਂਤ ਮਾਰ ਦਿਤੇ, ਕਾਲ [1]ਮਧੁ, [2]ਕੈਟਭ, [3]ਹਰਨਾਖਸ਼, [4]ਹਰਨਾਕਸ਼, [5]ਕੰਸ, [6]ਕੇਸੀ, [7]ਮੇਘਨਾਥ, [8]ਚੰਡੂਰ, [9]ਚੰਡ, ਆਦਿਕ ਮਾਰਕੇ॥ ਅਧਿਕ ਪ੍ਰਪੰਚ ਦਿਖਾਇ ਸਭਨ ਕਹ- ਬਹੁਤਾ ਛਲ ਦਿਖਾ ਕੇ ਆਪ ਨੂੰ ਹੀ ਬ੍ਰਹਮ ਕਹਾਇਆ॥ ਛਲ ਕੀਤਾ ਪਹਿਲਾ ਵਿਸ਼ਨੂੰ ਆਪ ਹੀ ਅਰਹੰਤ ਅਵਤਾਰ ਧਾਰਕੇ ਬੋਧ ਮਤ ਚਲਾਕੇ ਆਰਗਵਿਚ ਆ ਵਿਤਾ ਤੇ ਫੇਰ ਓਹੋ ਆਪ ਮਨੂੰ ਅਵਤਾਰ ਹੋਕੇ ਉਨ੍ਹਾਂ ਦਾ ਖੰਡਨ ਕੀਤਾ ਤੇ ਬੇਦਾਂ ਦੀ ਮਰਯਾਦਾ ਥਾਪੀ॥ ਭੰਜਨ ਗੜ੍ਹਨ ਸਮਰਥ ਸਦਾ ਪ੍ਰਭ ਜੋ ਹਰ ਪ੍ਰਭੂ ਹੈ ਉਨ੍ਹਾਂ ਨੂੰ ਭੰਨਣ ਵਾਲਾ ਤੇ ਘੜਨ ਵਾਲਾ ਓਹ ਸਮਰਥ ਪ੍ਰਭੂ ਹੈ॥ ਸੋ ਕਿਮ ਜਾਤਿ ਗਿਨਾਏ- ਓਹ ਕਿਸ ਪ੍ਰਕਾਰ ਗਿਣਤੀ ਵਿਚ ਵਿਚਾਰ ਵਿਚ ਆ ਸਕਦਾ ਹੈ॥ ਤਾਤੇ ਸਰਬ ਕਾਲ ਕੇ ਅਸਿ ਕੋ ਘਾਇ ਬਚਾਇ ਨ ਆਯੋ ਇਸ ਕਰਕੇ ਜੋ ਸਾਰਿਆਂ ਦਾ ਨਾਸ ਕਰਨ ਵਾਲਾ ਪ੍ਰਮੇਸਰ ਹੈ ਉਸ ਦੀ ਖੰਡਾ ਰੂਪ ਸ੍ਰੀ ਸਾਹਿਬ ਦੇ ਵਾਰ ਤੋਂ ਆਪਣੇ ਆਪ ਨੂੰ ਬਚਾ ਨਹੀ ਸਕੇ ਤੁਹਾਨੂੰ ਕਿਵੇਂ ਬਚਾਊਗੀ॥ ਵਾ- ਜੋ ਸੁਧ ਸਰੂਪ ਪ੍ਰਮੇਸਰ ਹੈ ਉਸ ਵਿਚ ਆਰਦਾ ਸਰਨਚ ਕਰਨਾਂ ਹੀ ਨਹੀ ਹੈ ਸਰਗੁਣ ਸਰੂਪ ਦਾ ਹੀ ਸਭ ਵਿਚ ਹੈ॥ ਕੈਸੇ ਤੋਹਿ ਤਾਰ ਹੈ ਸੁਨਿ ਜੜ ਆਪ ਡੁ-ਬਿਓ ਭਵਸਾਗਰ ਹੇ ਜੜ੍ਹ- ਮੂਰਖ ਓਹ ਕੈਸੇ ਬਿਸਨ ਬਿਸ਼ਨ ਆਦਿਕ ਤੈਨੂੰ ਬਚਾ ਸਕ-ਦੇ ਹੈ ਓਹ ਤਾ ਆਪ ਸੰਸਾਰ ਸਾਗਰ ਚ ਡੁਬੇ ਹੈ॥ ਕਾਲ ਫਾਸ ਤੇ ਤਬ ਹੀ ਗਹੋ ਸਰਨਿ

Sri Satguru Jagjit Singh Ji eLibrary NamdhariElibrary@gmail.com

ਜਗਤਾਗਰ ਕਾਲ ਦੀ ਫਾਹੀ ਤੋਂ ਤਾਂ ਛੁਟੈਂਗੀ ਜੇ ਜਗਤ ਦਾ ਸੁਖੀ ਹੈਂ, ਵਾਹਗੁ-
ਰੂ ਤੂੰ ਹੀ ਨਾਗਰ, ਜੋ ਸੁਖੀ ਹੈਂ ਤੇ ਖਾਲਿਆਂ ਦਾ ਆਹਿ ਰੂਪ॥

ਖਿਆਲ ਪਾ: ੧੦ :- ਖਿਆਲ – ਟਪਾ ਹੈ ਮਸਤੀ ਗਵੱਈਏ ਵਾਲੇ ਦਾ॥
ਇਹ ਸ਼ਬਦ ਦੀ ਅਸਥਿਤੀ ਇਉਂ ਬਿਆਨ ਕਰਦਾ ਹੈ, ੧- ਚਮਕੌਰ ਸਾਹਿਬ ਵਿਚ ਸਾਹਿਬਜ਼ਾਦਿ-
ਆਂ ਨੂੰ ਸੁਨੇਹਾ ਦਿੱਤਾ ਸੀ ਦੂਜੀ ਮਾਛੀ ਵਾੜੇ ਵਿਚ ਇੰਡ ਦਾ ਸਿਰਹਾਣਾ ਰਖਦੂਤੇ॥
ਤੀਜਾ ਹਜ਼ੂਰ ਸਾਹਿਬ ਭਾਈ ਦਇਆ ਸਿੰਘ ਜੋਤੀ ਜੋਤ ਸਮਾਣ ਬਾਰੇ ਸਿੰਘਾਂ ਸਤਿਗੁਰਾਂ
ਨੇ ਕਿਹਾ ਗੁਰੂ ਜੀ * ਭਾਈ ਸਾਹਿਬ ਜੋਤੀ ਜੋਤੀ ਸਮਾ ਚਾਹੁੰਦੇ ਹਨ ਤਦੋਂ ਗੁਰਾਂ ਕਿ-
ਹਾ ਸਿੰਘੋ ਸਾਨੂੰ ਮਿਲਕੇ ਜਾਣੀ ਇਆ ਜਦੋਂ ਗੁਰਾਂ ਸਦਿਆ ਰੋਕ ਲਿਆ ਤੇ ਗਏ
ਤੇ ਗੁਰਾਂ ਕਿਹਾ ਮਿਲੇ ਤੂੰ ਖਾਨਾਂ ਹੀ ਤੂਰ ਚਾਹੇ ਸੀ ਕਿਹਾ ਹਜ਼ੂਰ ਸਾਹਿਬ ਦੀਤ
ਵੇਈਏ ਸਿੰਘ ਕਿਹਾ ਸੀ ਆਪ ਦੇ ਬੁਲੇਉ ਤੇ ਵਾਪਸ ਆ ਗਿਆ ਹਾਂ ਤਦੋਂ ਗੁਰਾਂ
ਨੇ ਇਹ ਪਰਮੇਸਰ ਨੂੰ ਸੁਨੇਹਾ ਭੇਜਿਆ ਸੀ॥ ਮਿਤ੍ਰ ਪਿਆਰੇ ਨੂੰ ਹੇ ਮਿਤ੍ਰ ਦਇਆ ਸਿੰਘ
ਪਿਆਰੇ ਅਕਾਲ ਪੁਰਖ ਨੂੰ ਸਾਡਾ ਮੁਰੀਦਾਂ ਦਾ ਵਿਛੜੇ ਦਾ ਹਾਲ ਕਹਿਣਾ ਜਾਵੇ॥
ਹਾਲ ਮੁਰੀਦਾਂ ਦਾ ਕਹਣਾ।
ਕਹਿੰਦੇ ਹਨ ਕਿ ਪਹਿਲਾਂ ਸਤਿਗੁਰਾਂ (ਮਰੀਦਾਂ) ਦੇ ਥਾਂ ਫਕੀਰਾਂ ਪਦ ਉਚਾਰਿਆ
ਬਾਬਾ ਦੀਪ ਸਿੰਘ ਜੀ ਨੇ ਕਿਹਾ ਹਜ਼ੂਰ ਆਪ ਜੀ ਨੂੰ ਫਕੀਰਾਂ ਦਾ ਕਹਿਣਾ ਚੰਗਾ
ਨਹੀ ਲਗਦਾ ਤਾਂ ਸਤਿਗੁਰਾਂ ਕਿਹ ਜਦ ਬਾਣੀ ਦਾ ਉਲਟੇਦਾ ਹੈਂ ਸਿਰ ਦੇਣਾ ਪਵੇ-
ਗਾ ਤਾਂ ਕਿਹਾ ਜੀ ਹਾਜ਼ਰ ਹੈ ਤਾਂ ਫਿਰ ਸਤਿਗੁਰਾਂ ਨੇ ਫਕੀਰਾਂ ਦੇ ਥਾਂ ਮੁਰੀਦਾਂ ਦਾ
ਉਚਾਰਿਆ॥ ਤੁਧ ਬਿਨੁ ਰੋਗੁ ਰਜਾਈਆਂ ਦਾ ਓਢਣੁ - ਆਪ ਤੋਂ ਬਗੈਰ ਸਿਆਲ
ਚ ਰਜਾਈਆਂ ਦਾ ਪਹਿਰਨਾ ਹੈ ਇਹ ਰੋਗਾਂ ਦੀ ਨਿਆਈ ਸਮਝਦੇ ਹਾਂ॥
ਨਾਗ ਨਿਵਾਸਾਂ ਦੇ ਰਹਿਣਾ :- ਨਿਵਾਸ, ਘਰਾਂ ਦਾ ਰਹਿਣਾ [illegible]

*ਜਾਤ ਪਾਤ ਨ ਜਾਤ ਜੋਗਰ ਮੁਰੂ ਪੌਣ ਸੁਕੌਵ॥

ਦੀ ਤਰਾਂ ਪ੍ਰਤੀਤ ਹੁੰਦਾ ਹੈ ਆਪ ਜੀ ਤੋਂ ਵਿਛੜ ਕੇ॥ ਸੂਲ ਸੁਰਾਹੀ ਖ-
ਸੁਰਾਹੀ - ਸ਼ਰਾਬ ਦੀਆਂ ਪੀਤੀਆਂ ਸੂਲ ਵਤ ਪ੍ਰਤੀਤ ਹੁੰਦੀਆਂ ਹਨ॥
ਖੰਜਰ ਪਿਆਲਾ ਪਿਆਲੇ ਪੀਣੇ ਖੰਜਰ ਦੀ ਨਿਆਈ ਪ੍ਰਤੀਤ ਹੁੰਦੇ ਹਨ॥ ਬਿੰਗੁ ਕਸਾ-
ਈਆਂ ਦਾ :- ਆਸ ਪਾਸ (ਬਿੰਗ) ਕਸਾਈਆਂ ਦੇ ਛੁਰੇ ਦੀ ਨਿਆਈ ਹੈ॥ ਯਾਰੜੇ
ਰਸਾਨੂੰ ਤੁਸਾ
ਦਾ ਸਾਨੂੰ ਸਥਰੁ ਚੰਗਾ ਭਠ ਖੇੜਿਆ ਦਾ ਰਹਿਣਾ - ਅਕਾਲ ਪੁਰਖ ਦਾ ਸਾਨੂੰ (ਸਥਰ)
ਭੁੰਜੇ ਸੌਣਾ ਹੀ ਚੰਗਾ ਹੈ॥ ਆਪ ਤੋਂ ਬਗੈਰ ਖੇੜੇ - ਘਰ ਮਹਿਲਾਂ ਜੋ ਸਿੰਘਾਸਨ ਰਹਿ-
ਣਾਂ ਹੈ ਇਹ ਭਠਾਂ ਦੇ ਸਦਰਸ਼ ਸਮਝਦੇ ਹਾਂ॥

ਤ੍ਰਿਖੰਗ ਬਾਣੀ ਪਾ: ੧੦ :- ਬਾਣੀ - ਛੰਦ ਦਾ ਨਾਮ ਹੈ॥ ਕੇਵਲ ਕਾਲ ਈ
ਕਰਤਾਰ ਇਕੋ ਇਕ, ਸਾਰਿਆਂ ਵਿਚ ਰਮਿਆ ਹੋਇਆ ਹੈ ਸਾਰਿਆਂ ਨੂੰ ਕਾਲ ਕਰਨੇ
ਕਰਕੇ ਕਾਲ ਨਾਮ ਹੈ, ਕਾਲ ਪੁਰਖ ਜੀ, ਕਰਤਾਰ, ਪਰਮੇਸਰ ਹੈ॥ ਹਾਂ ਸਾਰਿਆਂ ਚ
ਗਾਫ਼ਨ ਰੰਜਨਾਰਾ।
ਰਮਿਆ ਹੋਇਆ ਕਰਤਾ ਪੁਰਖ ਹੈ॥ ਆਦਿ ਅੰਤਿ ਅਨੰਤ ਮੂਰਤਿ ਆਦਿ ਅ-
ਤ ਵਿਚ ਤੋਂ ਰਹਿਤ ਸਰੂਪ ਹੈ॥ ~~[illegible]~~ ਨਿੰਦ ਉਸਤਤਿ ਜੌਨ ਕੈ ਸਮ ਸਤ੍ਰ ਮਿਤ੍ਰ
ਰਹਤ
ਨ ਕੈਹਿ ਦੇਖੋ ਪਰਮੇਸਰ ਕੈਸਾ ਬਿਆਪਕ ਹੈ : ਜੇ ਕੋਈ ਨਿੰਦਾ ਕਰੇ ਜਾਂ ਉਸਤਤ
ਕਰੇ ਸਮਾਨ ਹੈ ਜਿਸ ਨੂੰ ਜੋ ਸਭ ਥਾਂ ਕੇ ਆਪ ਹੀ ਪਾਸ ਹੈ ਤੇ ਦੁਸ਼ਮਨ ਮਿਤ੍ਰ ਨਹੀ ਹੈ
ਸਮਾਨ ਚੇਤਨ ਹੈ ਅਗਿਆਨ ਨੂੰ ਹੀ ਪ੍ਰਕਾਸ਼ਨ ਵਾਲਾ ਹੈ॥ ਦੇ ਸਤਾ ਅਗਿਆਨ ਦੀ॥
ਕਵਨ ਬਾਟ ਪਰੀ ਤਿਸੈ ਪਥ ਸਾਰਥੀ ਰਥ ਹਾਂਕਿ ਕੇਹੜੀ ਬਿਪਤਾ ਪਈ ਸੀ ਉਸ ਨੂੰ
(ਪਥ - ਅਰਜਨ ਦੇ ਰਥ ਦਾ ਰਥਵਾਹੀ ਹੋਇਆ ਸੀ॥ *ਮੁਕੰਦ - ਮੁਕਤੀ ਦਾਤਾ
ਕਹੀ ਹੈ॥ ਕਵਨ ਕਾਜ ਕਹਾਇਕੈ ਤੇ ਆਨਿ ਦੇਵਕਿ ਨੰਦ - ਉਹ ਕਿਸ ਵਾਸਤੇ ਦੇਵਕੀ
[illegible] ਦੀਨ ਸਰਨ

Sri Satguru Jagjit Singh Ji eLibrary NamdhariElibrary@gmail.com

੩ * ਬੇਦ ਪੁਰਾਨ ਜਾਹਿ ਜਸ ਗਾਵਹਿ ਤਦਪਿ ਧਿਆਨ ਨ ਆਵੈ।

ਪਸਾਰ ਪੰਜ ਤੱਤ ਜਿਸ ਉਤੇ ਪਸਰੇ :- ਜ਼ਿਮੀ, ਜਲ, ਵਾਇ, ਅਗਨ, ਅਕਾਸ਼ ਵੈਦ (ਪਸਾਰਾਂ) ਪੰਜਾਂ ਤੱਤਾਂ ਦਾ ਜਿਸ ਨੇ ਕੀਤਾ ਹੈ॥ ਕੌਨ ਉਪਮਾ ਤੋਰ ਕੋ ਇਹ ਕੋਈ ਤੇਰੀ ਉਪਮਾ ਹੈ॥ ਸੁਖ ਲੋਚ ਨਾਮਿ ਸੁਣਾਇ॥ ਜੋ ਸੁਖ ਸੁਣਨੀ ਆਪਦਿ ਕਹਿਕੇ ਉਚਾਰਦੇ ਹੋ॥ ਰਾਗੁ ਬਿਲਾਵਲੁ ਪਾ:੧੦ ਪ੍ਰਸ਼ਨ :- ਕੇਹੜੀ ਓਹ ਮਨੁਖਤਾਂ ਹੈ॥ ਉ:- ਓਹ ਮਾਨੁਖ ਕਿਸ ਤਾਂ ਹੈ॥ ਸੋ ਕਿਮ ਮਾਨਸ ਰੂਪ ਕਹਾਏ। ਜੋ ਮਨੁਖ ਕਹਿਆ ਹੈ ਇਹ ਕੋਈ ਕਿਸ ਦੀ ਉਪਮਾ ਹੈ॥ ਸਿਧ ਸਮਾਧਿ ਸਾਧ ਕਰ ਹਾਰੇ ਕਿਉਹੂੰ ਨ ਦੇਖਨ ਪਾਏ ਰਹਾਉ। ਦਾ ਸਿਧ ਸਮਾਧੀ ਆ ਲਾਕੇ ਤੇ ਸਾਧ ਵੀ ਸਮਾਧੀ ਆਲੋਕੇ ਹਾਰੇ ਓਹ ਕਿਸੇ ਪ੍ਰਕਾਰ ਦੇਖਣੁ ਨਹੀ ਪਾਇਆ॥ * ਨਾਰਦ ਬਿਆਸ ਪਰਾਸਰ ਧ੍ਰੂਅ ਸੇ, ਧਿਆਵਤ ਧਿਆਨ ਨ ਫਬਾਏ: ਨਾਰਦ - ਹੀ ਪ੍ਰਾਸਰ ਦਾ ਪੁਤ੍ਰ ਬਿਆਸ ਤੇ ਪਰਾਸਰ ਆਪ ਤੇ ਧ੍ਰੂ ਧਿਆਂਦੇ ਹੈ ਪਰ ਤੂੰ ਧਿਆਨ ਨਾ ਨਹੀ ਆਂਦਾ॥ * ਬਿਆਸ ... ਬਾਜੂ ਵਾਲੇ ਕੁਰਾਨਿਆਂ (ਵਾਜੂ ਵੱਜੇ ਵੇਦ ਤੇ, ਤੇਰਾ ਨੇਤ ਕੁਰਾਨੂੰ) ਦੇ ਜਾਣੀ ਹੈ ਸਭ ਨੇਤਰ ਕਰਕੇ ਥਕਿ ਰਹੇ ਹਨ॥ ਸੂਛਮ ਤੇ ਸੂਛਮ ਕਰ ਚੀਨੇ - ਸੂਖਮ ਦ੍ਰਿਸ਼ਟੀ ਨਾਲ ਦੇਖਣ ਵਾਲਿਆਂ ਨੇ ਸੂਖਮ ਤੋਂ ਸੂਖਮ ਕਰਕੇ ਜਾਣੇ ਹਨ ਪਰ ਤੂੰ ਤੇ ਇਸ ਤੋਂ ਵੀ ਵੀ ਅਹੁਰੀ ਸੂਖਮ ਹੈ॥ ਬ੍ਰਿਧਨ ਬ੍ਰਿਧ ਬਤਾਏ, ਸਥੂਲ ਦ੍ਰਿਸ਼ਟੀ ਨਾਲ ਦੇਖਣ ਵਾਲਿਆਂ ਨੇ ਵਡੇ ਤੋਂ ਵਡੇ ਕਰਕੇ ਕਥਨ ਕੀਤੇ ਹਨ ਧਰਤੀ ਤੇ ਪਾਣੀ ਜਿਤਨਾ ਪਾਣੀ ਤੂੰ ਅਗਨ ਤੇ ਹਵਾ ਤੇ ਅਕਾਸ਼ ਪ੍ਰਕ੍ਰਿਤੀ ਆਦਿ ਤੋਂ ਪਰੇ ਵਡੇ॥ ਭੂਮ ਅਕਾਸ਼ ਪਤਾਲ ਸਭੈ ਸਜਿ ਏਕ ਅਨੇਕ ਸਦਾਏ। ਹੈ ਕਿਤੇ ਜਿਸ ਕਿ ਜਿਸ ਨੇ ਭੂਮ ਅਕਾਸ਼ ਪਤਾਲ ਸਭ ਸਾਜੇ (ਸਜਿ) ਸਜਾਏ ਹਨ ਇਕ ਹੀ ਅਨੇਕ ਰੂਪ ਸਦਾ ਰਿਹਾ ਹੈ॥ ਸੋ ਨਰ ਕਾਲ ਫਾਸ ਤੇ ਬਾਚੇ (ਜੋ ਹਰਿ ਸਰਣਿ ਸਿਧਾਏ।) ਓਹ ਕਾਲ ਦੀ ਫਾਹੀ ਤੋਂ ਬਚ ਗਏ ਹਨ ਜੋ ਪਰਮੇਸਰ ਦੀ ਸਰਨ ਗਏ ਹਨ॥ ਇਹ ਨਾਨਾ ਸੰਪਤ ਉਪਾਸਨਾ ਦੇਕਨ ਕੀਤੀਆਂ ਹਨ॥

ਦੀਨਨ ਗਾਜਨ ਸਾਮਰਥ ਸਦਾ ਪ੍ਰਭ,

ਰਾਗ ਦੇਵ ਗੰਧਾਰੀ ਪਾ:੧੦ — ਇਕ ਬਿਨ ਦੂਸਰ ਸੋ ਨ ਚਿਨਾਰ ਹੇ ਜੀਵ ਇਕ ਪਰਮੇਸਰ ਤੋਂ ਬਗੈਰ ਦੂਸਰੇ ਦੇਵੀ ਦੇਵਤੇ ਦੀ ਜਿਸ ਆਦੂ ਜਿਆਦਾ ਜਾਂ ਦੀ ਕਰ ਪਹਿਚਾਨ ਰਖ॥ ਜਾਨਤ ਹੈ ਕਰਤਾਰ ਸਾਰਿਆਂ ਦੇ ਦਿਲ ਦੀ ਜਾਣਦਾ ਹੈ॥ ਕਹਾ ਭਇਓ ਜੋ ਅਤਿ ਹਿਤ ਚਿਤ ਕਰ ਵਾਹਿਗੁਰੂ ਜੀ ਦੀ ਪੂਜਾ ਛਡ ਕੇ ਕੀ ਹੋ ਗਿਆ ਜੇ ਚਿਤ ਦਾ ਹਿਤ ਕਰਕੇ ਬਹੁ ਬਿਧਿ ਸਿਲਾ ਪੁਜਾਈ - ਬਹੁਤ ਤ੍ਰੀਕਿਆਂ ਨਾਲ ਸਿਲਾ ਦਾ ਪੂਜਨ ਕੀਤਾ ਕੋਈ ਗੰਡਕਾ ਨਦੀ ਦੀ ਸਿਲਾ ਕੋਈ ਅਸਟਭੁਜ ਦੀ ਕੋਈ ਨਰਬਦਾ ਨਦੀ ਦੀ ਸਿਲਾ ਲਿਆਕੇ ਪੂਜਾ ਕੀਤੀ॥ ਪਾਨ ਥਕਿਓ ਪਾਹਿਨ ਕਹ ਪਰਸਤ ਹਥ ਥਕ ਗਏ ਪਰਸਦਿਆਂ ਦੇ॥ ਕਛੂ ਕਰ ਸਿਧ ਨ ਆਈ - ਕੋਈ ਵੀ ਸਿਧੀ ਹੱਥ ਸੁਰਤੀ ਰੂਪ ਹੱਥ ਨ ਆਈ॥ ਤਾਂ ਸੋ ਕਹਾਂ ਸਿਧ ਹੈ ਰੇ ਜੜ੍ਹ, ਤੋਹਿ ਕਛੂ ਬਰ ਦੈ ਹੈ:- ਹੇ ਬੇਸਮਝਾ ਤਾਂ ਤਿਸ ਪਥਰ ਵਿਚ, ਸਿਧ, ਸਿਧੀ ਰੂਪੀ ਸ਼ਕਤੀ ਕਿਥੇ ਹੈ॥ (ਤੈਨੂੰ ਕੀ ਵਰ ਦੇਵੇਗਾ ...) ਜੋ ਜੀਅ ਹੋਤ ਤੌ ਦੇਤ ਕਛੂ ਤੁਹਿ - ਚੇਤਨ ਹੁੰਦੇ ਤਾਂ ਤੇਨੂੰ ਕੁਝ ਦਿੰਦਾ ਪਰ ਹੈ ਪਥਰ॥ ਸਰਨਿ ਸੁਆਮੀ ਬਿਨ ਨਹੀ ਇਕ ਪਰਮੇਸਰ ਦੀ ਸਰਨ ਤੋਂ ਬਿਨਾ (ਜੀ) ਇਸ ਤ੍ਰੀਕੇ ਨਾਲ ਕਿਸੇ ਦਾ ਉਧਾਰ ਨਹੀ ਹੋਣਾ ਮੁਕਤੀ ਨਹੀ ਹੋ ਸਕੇਗੀ॥

੧੦ — ਬਿਨ ਹਰਿ ਨਾਮ ਨ ਬਾਚਨ ਪੈਹੈ:- ਬਿਨਾਂ ਪਰਮੇਸਰ ਦੇ ਨਾਮ ਜਪੇ ਤੋਂ ਕਾਲ ਤੋਂ ਬਚਣਾ ਨਹੀ ਪਾਉਗੇ॥ ਕਹਾਂ ਪਲੈ ਹੈ ਕਿਤੇ ਭਜ ਜਾਉਗੇ॥ ਰਹੀਮ-ਸੁਰੇਸਨ॥ ਤੇ ਬਸਿ ਕਾਲ ਸਬੈ ਹੈਂ ਕਾਲ ਦੇ ਵਸ ਹਨ ਸਾਰੇ॥ ਬੇਦ ਪੁਰਾਨ ਕੁਰਾਨ ਸਬੈ ਮਤ ਜਿਸ ਨੂੰ ਨੇਤ ਨੇਤ ਕਹਿੰਦੇ ਹਨ॥ ਇੰਦ੍ਰ ਬਾਸੁਕ ਨਾਗ॥ ਸੁਰਿੰਦ੍ਰ ਸੁਰਨਿਆਂ ਦੇ ਇੰਦ੍ਰ ਅਸਿਸਟ ਆਦਿ॥ ਕਲਪ ਬਹੁ ਧਿਆਵਤ ਧਿਆਨ ਨ ਆਏ - ਅਨੇਕਾਂ ਕਲਪਾਂ ਪਰਜੰਤ ਧਿਆਂਦੇ ਹਨ (ਕਲਪ) ਹਜ਼ਾਰ ਜੁਗਾਂ ਦੀ ਚੌਕੜੀ ਦਾ ਨਾਮ ਹੈ॥ ਸਰਬ

Sri Satguru Jagjit Singh Ji eLibrary NamdhariElibrary@gmail.com



For more books, audio and video of Giani Pritam Singh Ji and Damdami Taksal visit our facebook page:

www.facebook.com/gianipritamsinghjilikhari